**SET-3**

**Series GBM**

ਕੋਡ ਨੰ. **227/3**

Candidates must write the Code on the title page of the answer-book.

ਰੋਲ ਨੰਬਰ | | | | | | | |

- ਕਿਰਪਾ ਕਰਕੇ ਨਿਰੀਖਣ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਤੇ ਛਪੇ ਹੋਏ **8** ਪੰਨੇ **+ 2** ਨਕਸ਼ਾ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **22** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀ ਲਿਖਣਗੇ ।

- Please check that this question paper contains **8** printed pages **+ 2** Maps.
- Code number given on the right hand side of the question paper should be written on the title page of the answer-book by the candidate.
- Please check that this question paper contains **22** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਭੂਗੋਲ (ਸਿਧਾਂਤਕ)

## (ਪੰਜਾਬੀ ਉਲਥਾ)

# GEOGRAPHY (Theory)

## (Punjabi Version)

*ਸਮਾਂ ਸੀਮਾਂ : 3 ਘੰਟੇ* | *ਪੂਰਨ ਅੰਕ : 70*

*Time allowed : 3 hours* | *Maximum Marks : 70*

***ਵਿਆਪਕ ਨਿਰਦੇਸ਼ :***

*(i)* *ਇਸ ਪ੍ਰਸ਼ਨ ਪਤ੍ਰ ਵਿਚ ਕੁਲ **22** ਪ੍ਰਸ਼ਨ ਹਨ ।*

*(ii)* ***ਸਾਰੇ** ਪ੍ਰਸ਼ਨ ਜ਼ਰੂਰੀ ਹਨ ।*

*(iii)* *ਪ੍ਰਸ਼ਨ ਸੰਖਿਆ **1** ਤੋਂ **7** ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ **1** ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ **40** ਸ਼ਬਦਾਂ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ ਹੈ ।*

*(iv)* *ਪ੍ਰਸ਼ਨ ਸੰਖਿਆ **8** ਤੋਂ **13** ਛੋਟੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦੇ **3** ਅੰਕ ਹਨ । ਇਨ੍ਹਾਂ ਵਿਚ ਇਕ ਪ੍ਰਸ਼ਨ ਮੁੱਲ–ਅਧਾਰਤ ਪ੍ਰਸ਼ਨ ਹੈ । ਹਰ ਇਕ ਪ੍ਰਸ਼ਨ ਦਾ ਉੱਤਰ **80 – 100** ਸ਼ਬਦਾਂ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ ਹੈ ।*

*(v)* *ਪ੍ਰਸ਼ਨ ਸੰਖਿਆ **14** ਤੋਂ **20** ਲੰਬੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦੇ **5** ਅੰਕ ਹਨ । ਹਰ ਇਕ ਪ੍ਰਸ਼ਨ ਦਾ ਉੱਤਰ **150** ਸ਼ਬਦਾਂ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ ਹੈ ।*

*(vi)* *ਪ੍ਰਸ਼ਨ ਸੰਖਿਆ **21** ਅਤੇ **22** ਮਾਨਚਿੱਤਰਾਂ ਵਿਚ, ਦਿਤੇ ਗਏ ਭੂਗੋਲਕ ਲਛਣਾਂ ਨੂੰ ਪਹਿਚਾਨਣ ਜਾਂ ਸਥਿਤੀ ਦਰਸਾਣ ਅਤੇ ਨਾਮਾਂਕਿਤ ਕਰਨ ਨਾਲ ਸੰਬੰਧਿਤ ਹਨ । ਹਰ ਇਕ ਪ੍ਰਸ਼ਨ ਦੇ **5** ਅੰਕ ਹਨ ।*

(vii) *ਆਪਣੇ ਦਿੱਤੇ ਗਏ **ਸੰਸਾਰ** ਅਤੇ **ਭਾਰਤ** ਦੇ ਰੇਖਾ ਮਾਨਚਿੱਤਰਾਂ ਨੂੰ ਉੱਤਰ-ਪੁਸਤਿਕਾ ਵਿੱਚ ਜ਼ਰੂਰ ਨੱਥੀ ਕਰੋ ।*

(viii) *ਰੇਖਾ ਮਾਨਚਿੱਤਰ ਬਨਾਉਣ ਲਈ **ਸਾਂਚਿਆਂ** ਤੇ **ਸਟੈਂਸਲਾਂ** ਦੀ ਵਰਤੋਂ ਲਈ ਆਗਿਆ ਦਿੱਤੀ ਜਾਂਦੀ ਹੈ ।*

**1.** ਵਪਾਰਕ ਡੇਅਰੀ ਫਾਰਮਿੰਗ (ਦੁੱਧ ਵਪਾਰ) ਦੇ ਕਿਸੇ ਦੋ ਮੁਖ ਖੇਤਰਾਂ ਦਾ ਬਿਓਰਾ ਲਿੱਖੋ । $\frac{1}{2}+\frac{1}{2}=1$

**2.** ਸੰਸਾਰ ਵਿਚ ਕਿਹੜਾ ਅੰਦਰੂਨੀ ਜਲਮਾਰਗ ਸਭ ਤੋਂ ਵਧੇਰੇ ਵਰਤੋਂ ਵਿਚ ਲਿਆਇਆ ਗਿਆ ਹੈ ? *1*

**3.** ਭਾਰਤ ਦੇ ਕਿਸੇ ਦੋ ਨਗਰਾਂ ਦੇ ਨਾਮ ਲਿੱਖੋ, ਜਿਨ੍ਹਾ ਦਾ ਪਰਾਰੰਭਕ ਵਿਕਾਸ ਸਿਖਿਆ ਕੇਂਦਰਾਂ ਦੇ ਰੂਪ ਵਿਚ ਹੋਇਆ ਸੀ । $\frac{1}{2}+\frac{1}{2}=1$

**4.** ਰਸਾਇਨਿਕ ਅਤੇ ਭੌਤਕ ਗੁਣਾਂ ਦੇ ਆਧਾਰ ਉਪਰ ਖਣਿਜਾਂ ਦਾ ਵਰਗੀਕਰਣ ਕਰੋ । $\frac{1}{2}+\frac{1}{2}=1$

**5.** ਤੁਸੀਂ ਆਪਣੇ ਖੇਤਰ ਵਿਚ ਪਾਣੀ ਦੀ ਪਰਕਿਰਤੀ (ਕਵਾਲਟੀ) ਨੂੰ ਸੁਧਾਰਨ ਦੇ ਲਈ ਕਿਵੇਂ ਮਦਦ ਕਰ ਸਕਦੇ ਹੋ ? *1*

**6.** ਪੱਛਮੀ ਏਸ਼ੀਆ ਵਿਚ ਰੇਲ ਸੁਵਿਧਾਵਾਂ ਦਾ ਸਭ ਤੋਂ ਘਟ ਵਿਕਾਸ ਕਿਉਂ ਹੋਇਆ ਹੈ ? ਇਕ ਕਾਰਣ ਸਪਸ਼ਟ ਕਰੋ । *1*


**7.** 'ਇੰਦਰਾ ਗਾਂਧੀ ਨੈਹਰ ਕਮਾਨ ਖੇਤਰ' ਵਿਚ ਉਭਰੀਆਂ ਦੂਹਰੀਆਂ ਵਾਤਾਵਰਣਕ ਸਮਸਿਆਵਾਂ ਦੀ ਪਰਖ ਕਰੋ । *1*

**8.** "ਕੁਦਰਤ ਮੌਕੇ ਦੇਂਦੀ ਹੈ ਅਤੇ ਮਨੁਖ ਉਨ੍ਹਾਂ ਦੀ ਵਰਤੋਂ ਕਰਦੇ ਹਨ ਅਤੇ ਹੌਲੇ-ਹੌਲੇ ਕੁਦਰਤ ਦਾ ਮਾਨਵੀਕਰਣ ਹੋ ਜਾਂਦਾ ਹੈ ਅਤੇ ਕੁਦਰਤ ਉਪਰ ਮਨੁਖੀ ਯਤਨਾਂ ਦੀ ਛਾਪ ਪੈਣ ਲਗਦੀ ਹੈ ।" ਇਸ ਕਥਨ ਦੀ ਪੁਸ਼ਟੀ ਕਰੋ । *3*

**9.** ਖੁਲ੍ਹੀ ਖਾਣ ਖੁਦਾਈ ਦੀਆਂ ਕਿਸੇ ਤਿੰਨ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ । $3\times1=3$

**10.** "ਕਿਸਨੂੰ ਪਿੰਡ ਕਹੀਏ ਅਤੇ ਕਿਸਨੂੰ ਨਗਰ, ਇਸ ਕਥਨ ਤੇ ਕੋਈ ਇਕ ਮੱਤ ਨਹੀਂ ਹੈ ।" ਵੱਖੋ ਵਖ ਮਾਪਦੰਡਾਂ ਨੂੰ ਇਸਤੇਮਾਲ ਕਰਦੇ ਹੋਏ ਇਸ ਕਥਨ ਦਾ ਵਿਸ਼ਲੇਸ਼ਣ ਕਰੋ । *3*

**11.** ਹੇਠ ਦਿੱਤੇ ਗਏ ਮਾਨਚਿੱਤਰ ਦਾ ਧਿਆਨ ਨਾਲ ਅਧਿਐਨ ਕਰੋ ਅਤੇ ਉਸਦੇ ਹੇਠ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿੱਖੋ : *1+2=3*





(11.1) ਮਾਨਚਿੱਤਰ ਵਿਚ ਦਿਖਾਈ ਗਈ ਨੈਹਰ ਦੀ ਪਛਾਣ ਕਰੋ ਅਤੇ ਉਸਦਾ ਨਾਮ ਲਿੱਖੋ ।

(11.2) ਇਸ ਨੈਹਰ ਦੀਆਂ ਕੋਈ ਚਾਰ ਵਿਸ਼ੇਸ਼ਤਾਵਾਂ ਲਿੱਖੋ ।

**ਨੋਟ:** *ਹੇਠ ਲਿਖਿਆ ਪ੍ਰਸ਼ਨ ਕੇਵਲ **ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ 11 ਦੇ ਥਾਂ ਬਦਲਵਾਂ ਪ੍ਰਸ਼ਨ ਹੈ :*

ਕਿਹੜੀ ਨੈਹਰ ਦੋ ਮਹਾਂਸਾਗਰਾਂ ਨੂੰ ਜੋੜਦੀ ਹੈ ? ਇਸ ਨੈਹਰ ਦੀਆਂ ਕਿਸੇ ਚਾਰ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ । *1+2=3*

**12.** ਹੇਠ ਦਿਤੇ ਗਏ ਚਿੱਤਰ ਦਾ ਅਧਿਐਨ ਕਰੋ ਅਤੇ ਉਸਦੇ ਹੇਠ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿੱਖੋ : *3×1=3*




(12.1) ਉਪਰ ਦਿੱਤੇ ਗਏ ਇਸਪਾਤ ਕਾਰਖਾਨੇ (ਸਟੀਲ ਪਲਾਂਟ) ਦੀ ਪਛਾਣ ਕਰੋ ਅਤੇ ਉਸਦਾ ਨਾਮ ਲਿੱਖੋ । ਇਹ ਪਲਾਂਟ ਕਿਸ ਰਾਜ ਵਿਚ ਸਥਿਤ ਹੈ ?

(12.2) ਇਸ ਇਸਪਾਤ ਕਾਰਖਾਨੇ (ਸਟੀਲ ਪਲਾਂਟ) ਦੇ ਲਈ ਸ਼ਕਤੀ (power) ਦਾ ਮੁੱਖ ਸਰੋਤ ਕੀ ਹੈ ? ਇਸ ਪਲਾਂਟ ਨੂੰ ਕਿਹੜਾ ਰੇਲ ਮਾਰਗ ਆਵਾਜਾਈ (ਢੋਆ ਢੁਆਈ) ਦੀ ਸਹੂਲੀਅਤ ਪ੍ਰਦਾਨ ਕਰਦਾ ਹੈ ?

(12.3) ਇਸ ਇਸਪਾਤ ਕਾਰਖਾਨੇ (ਸਟੀਲ ਪਲਾਂਟ) ਦੇ ਲਈ ਲੋਹਾ ਕੱਚੀ ਧਾਤ ਅਤੇ ਪਾਣੀ ਦੇ ਮੁੱਖ ਸਰੋਤ ਕਿਹੜੇ ਹਨ ?

**ਨੋਟ :** *ਹੇਠ ਲਿਖਿਆ ਪ੍ਰਸ਼ਨ ਕੇਵਲ **ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ 12 ਦੇ ਥਾਂ ਬਦਲਵਾਂ ਪ੍ਰਸ਼ਨ ਹੈ :*

ਜਮਸ਼ੇਦਪੁਰ ਵਿਚ ਟਾਟਾ ਲੋਹਾ ਅਤੇ ਇਸਪਾਤ (ਸਟੀਲ) ਉਦਯੋਗ ਦੀ ਸਥਾਪਨਾ ਦੇ ਲਈ ਜ਼ੁੰਮੇਵਾਰ ਕਿਸੇ ਤਿੰਨ ਪ੍ਰਮੁਖ ਕਾਰਕਾਂ ਦੀ ਵਿਆਖਿਆ ਕਰੋ । *3×1=3*

**13.** ''ਭਾਰਤ ਦੀ ਵਧਦੀ ਹੋਈ ਆਬਾਦੀ ਅਤੇ ਉਦਯੋਗਿਕ ਵਿਸਤਾਰ ਦੇ ਰਾਹੀਂ ਪਾਣੀ ਦੀ ਅੰਨ੍ਹੇਵਾਹ ਵਰਤੋਂ ਨੇ ਪਾਣੀ ਦੀ ਪਰਕਿਰਤੀ (ਕਵਾਲਟੀ) ਨੂੰ ਬਹੁਤ ਘਟਾਇਆ ਹੈ ।'' ਪਾਣੀ ਦੀ ਪਰਕਿਰਤੀ ਨੂੰ ਬਰਕਰਾਰ ਰੱਖਣ ਵਿਚ ਮਦਦ ਕਰ ਸਕਣ ਵਾਲੇ ਮੁੱਲਾਂ ਦੀ ਵਿਆਖਿਆ ਕਰੋ । *3*

**14.** ਪਰਵਾਸ ਕਿਸੇ ਖੇਤਰ ਵਿਚ ਅਵਸਰਾਂ ਦੀ ਅਸਮਾਨ ਵੰਡ ਦਾ ਕਿਵੇਂ ਇਕ ਪ੍ਰਤੀਕਿਰਿਆ ਹੈ ? ਭਾਰਤ ਵਿਚ ਪਰਵਾਸ ਦੇ ਆਰਥਕ ਨਤੀਜਿਆਂ ਦੀ ਵਿਆਖਿਆ ਕਰੋ । *2+3=5*

**15.** ਸੰਸਾਰ ਦੀ ਜਨਗਣਨਾ ਨੂੰ ਉਸਦੇ ਨਿਵਾਸ ਦੇ ਆਧਾਰ ਉਪਰ ਦੋ ਸਮੂਹਾਂ ਵਿਚ ਵਰਗ ਵੰਡ ਕਰੋ । ਇਹ ਦੋਵੇਂ ਵਰਗ ਸਮੂਹ ਇਕ ਦੂਜੇ ਤੋਂ ਕਿਵੇਂ ਅੱਡ ਹਨ ? ਸਪਸ਼ਟ ਕਰੋ । *1+4=5*

**16.** ਮਾਪਦੰਡ ਅਤੇ ਕਵਾਲਟੀ (ਪਰਕਿਰਤੀ) ਦੇ ਆਧਾਰ ਉਪਰ ਸੰਚਾਰ ਦੇ ਸਾਧਨਾਂ ਦਾ ਦੋ ਵਰਗਾਂ ਵਿਚ ਵਰਗੀਕਰਣ ਕਰੋ । ਹਰ ਇਕ ਵਰਗ ਦੀਆਂ ਕਿਸੇ ਦੋ ਵਿਸ਼ੇਸਤਾਵਾਂ ਦੀ ਵਿਆਖਿਆ ਕਰੋ । *1+4=5*

**17.** ਭਾਰਤ ਦੀ ਨਵੀਂ ਉਦਯੋਗਿਕ ਨੀਤੀ, 1991 ਦੇ ਕਿਸੇ ਚਾਰ ਮੁੱਖ ਮਨੋਰਥਾਂ ਦਾ ਬਿਉਰਾ ਲਿੱਖੋ । ਇਨ੍ਹਾਂ ਮਨੋਰਥਾਂ ਦੀ ਪ੍ਰਾਪਤੀ ਵਿਚ ਵਿਸ਼ਵੀਕਰਨ ਦੀ ਭੂਮਿਕਾ ਦਾ ਵਰਣਨ ਕਰੋ । *2+3=5*

**18.** 1974 ਵਿਚ ਭਰਮੌਰ ਖੇਤਰ ਵਿਚ ਸ਼ੁਰੂ ਕੀਤੀ ਗਈ 'ਜਨਜਾਤੀ ਉਪਯੋਜਨਾ' ਦਾ ਮੁਖ ਉਦੇਸ਼ ਕੀ ਸੀ ? ਭਰਮੌਰ ਪ੍ਰਦੇਸ਼ ਦੇ ਵਿਕਾਸ ਵਿਚ ਇਸ ਉਪਯੋਜਨਾ ਦੇ ਯੋਗਦਾਨ ਦੀ ਸਮੀਖਿਆ ਕਰੋ । *1+4=5*

**19.** ਵਪਾਰਕ ਕੇਂਦਰਾਂ ਦੀ ਦੋ ਵਰਗਾਂ ਵਿਚ ਵਰਗ ਵੰਡ ਕਰੋ । ਇਹ ਇਕ ਦੂਜੇ ਤੋਂ ਕਿਵੇਂ ਅੱਡ ਹਨ ? ਸਪਸ਼ਟ ਕਰੋ । *1+4=5*

**20.** ‘‘ਆਧੁਨਿਕ ਸਮੇਂ ਵਿਚ ਅੰਤਰ ਰਾਸ਼ਟਰੀ ਵਪਾਰ ਵਿਸ਼ਵ ਅਰਥ ਵਿਵਸਥਾ ਦਾ ਆਧਾਰ ਹੈ ।’’ ਉਦਾਹਰਣਾਂ ਸਹਿਤ ਇਸ ਕਥਨ ਦੀ ਪੁਸ਼ਟੀ ਕਰੋ । *5×1=5*

**21.** **ਸੰਸਾਰ** ਦੇ ਦਿੱਤੇ ਗਏ ਰਾਜਨੀਤਕ ਰੇਖਾ ਮਾਨਚਿੱਤਰ (ਪੰਨਾ 9 ਤੇ) ਵਿਚ ਦਿਖਾਏ ਗਏ ਪੰਜ ਭੌਗੋਲਿਕ ਲੱਛਣਾਂ A, B, C, D ਅਤੇ E ਦੀ ਪਛਾਣ ਕਰੋ ਅਤੇ ਉਸਦੇ ਸਹੀ ਨਾਮ ਹੇਠ ਦਿਤੀ ਜਾਣਕਾਰੀ ਦੀ ਮਦਦ ਨਾਲ ਉਨ੍ਹਾਂ ਦੇ ਕੋਲ ਖਿੱਚੀਆਂ ਗਈਆਂ ਰੇਖਾਵਾਂ ਉੱਪਰ ਲਿੱਖੋ : *5×1=5*

A. ਅਫਰੀਕਾ ਦਾ ਖੇਤਰਫਲ ਦੀ ਨਜ਼ਰ ਨਾਲ ਇਕ ਵੱਡਾ ਦੇਸ਼

B. ਨਿਰਬਾਹ ਸੰਗ੍ਰਹਿਣ ਦਾ ਇਕ ਪ੍ਰਮੁਖ ਖੇਤਰ

C. ‘ਪਾਰਮਹਾਦੀਪੀ ਰੇਲ ਮਾਰਗ’ ਦਾ ਅੰਤਲਾ ਸਟੇਸ਼ਨ

D. ਇਕ ਪ੍ਰਮੁਖ ਸਮੁੰਦਰੀ ਬੰਦਰਗਾਹ (ਪੱਤਣ)

E. ਇਕ ਅੰਤਰ–ਰਾਸ਼ਟਰੀ ਹਵਾਈ ਅੱਡਾ

**ਨੋਟ:** *ਹੇਠ ਲਿਖਿਆ ਪ੍ਰਸ਼ਨ ਕੇਵਲ **ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ 21 ਦੇ ਥਾਂ ਬਦਲਵਾਂ ਪ੍ਰਸ਼ਨ ਹੈ :*

(21.1) ਅਫਰੀਕਾ ਦੇ ਖੇਤਰਫਲ ਦੇ ਆਧਾਰ ਤੇ ਇਕ ਵੱਡੇ ਦੇਸ਼ ਦਾ ਨਾਮ ਲਿੱਖੋ ।

(21.2) ਸੰਸਾਰ ਦੇ ਕਿਸੇ ਇਕ ਪ੍ਰਮੁੱਖ ਨਿਰਬਾਹ ਸੰਗ੍ਰਹਣ ਖੇਤਰ ਦਾ ਨਾਮ ਲਿੱਖੋ ।

(21.3) ਪਾਰ–ਸਾਇਬੇਰਿਅਨ ਰੇਲ ਮਾਰਗ ਦੇ ਕਿਸੇ ਇਕ ਸਿਰੇ ਦੇ ਸਟੇਸ਼ਨ ਦਾ ਨਾਮ ਲਿੱਖੋ ।

(21.4) ਉੱਤਰੀ ਅਮੇਰਿਕਾ ਦੇ ਕਿਸੇ ਇਕ ਪ੍ਰਮੁੱਖ ਸਮੁੰਦਰੀ ਬੰਦਰਗਾਹ (ਪੱਤਣ) ਦਾ ਨਾਮ ਲਿੱਖੋ ।

(21.5) ਦੱਖਣੀ ਅਮੇਰਿਕਾ ਦੇ ਕਿਸੇ ਇਕ ਅੰਤਰ–ਰਾਸ਼ਟਰੀ ਹਵਾਈ ਅੱਡੇ ਦਾ ਨਾਮ ਲਿੱਖੋ । *5×1=5*

**22.** **ਭਾਰਤ** ਦੇ ਦਿੱਤੇ ਹੋਏ ਰਾਜਨੀਤਕ ਰੇਖਾ ਮਾਨਚਿੱਤਰ (ਪੰਨਾ 11 ਤੇ) ਵਿਚ ਹੇਠ ਲਿੱਖੇ ਲੱਛਣਾਂ ਨੂੰ ਢੁਕਵੇਂ ਚਿਨ੍ਹਾਂ ਨਾਲ ਦਰਸਾਓ ਅਤੇ ਉਨ੍ਹਾਂ ਦੇ ਨਾਮ ਲਿੱਖੋ : *5×1=5*

(22.1) 2011 ਦੀ ਜਨਗਣਨਾ ਦੇ ਆਧਾਰ ਉਤੇ ਸਭ ਤੋਂ ਜ਼ਿਆਦਾ ਜਨਸੰਖਿਆ ਘਣਤਾ ਵਾਲਾ ਰਾਜ

(22.2) ਚਾਵਲ ਦਾ ਮੋਹਰੀ ਉਤਪਾਦਕ ਰਾਜ

(22.3) ਗੁਜਰਾਤ ਵਿਚ ਸਥਿਤ ਸਾਫਟਵੇਯਰ ਟੈਕਨੋਲੋਜੀਕਲ ਪਾਰਕ

(22.4) ਓਡਿਸ਼ਾ ਵਿਚ ਸਥਿਤ ਕੋਲੇ ਦੀ ਪ੍ਰਮੁੱਖ ਖਾਣ

(22.5) ਤਮਿਲ ਨਾਡੂ ਵਿਚ ਸਥਿਤ ਅੰਤਰ-ਰਾਸ਼ਟਰੀ ਹਵਾਈ ਅੱਡਾ

**ਨੋਟ:** *ਹੇਠ ਲਿਖਿਆ ਪ੍ਰਸ਼ਨ ਕੇਵਲ **ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ 22 ਦੇ ਥਾਂ ਬਦਲਵਾਂ ਪ੍ਰਸ਼ਨ ਹੈ :*

(22.1) 2011 ਦੀ ਜਨਗਣਨਾ ਦੇ ਅਨੁਸਾਰ ਭਾਰਤ ਦਾ ਕਿਹੜਾ ਰਾਜ ਸਭ ਤੋਂ ਜ਼ਿਆਦਾ ਜਨਸੰਖਿਆ ਘਣਤਾ ਵਾਲਾ ਹੈ ?


(22.2) ਭਾਰਤ ਦਾ ਕਿਹੜਾ ਰਾਜ ਚਾਵਲ ਦਾ ਮੋਹਰੀ ਉਤਪਾਦਕ ਹੈ ?

(22.3) ਗੁਜਰਾਤ ਵਿਚ ਸਥਿਤ ਸਾਫਟਵੇਯਰ ਟੈਕਨੋਲੋਜੀਕਲ ਪਾਰਕ ਦਾ ਨਾਮ ਲਿੱਖੋ ।

(22.4) ਓਡਿਸ਼ਾ ਵਿਚ ਸਥਿਤ ਪ੍ਰਮੁੱਖ ਕੋਲਾ ਖੇਤਰ ਦਾ ਨਾਮ ਲਿੱਖੋ ।

(22.5) ਤਮਿਲ ਨਾਡੂ ਵਿਚ ਸਥਿਤ ਇਕ ਅੰਤਰ-ਰਾਸ਼ਟਰੀ ਹਵਾਈ ਅੱਡੇ ਦਾ ਨਾਮ ਲਿੱਖੋ । *5×1=5*

ਪ੍ਰਸ਼ਨ ਸੰ. 21 ਦੇ ਲਈ



ਪ੍ਰਸ਼ਨ ਸੰ. 22 ਦੇ ਲਈ

## ਭਾਰਤ ਦਾ ਰੇਖਾ ਮਾਨਚਿੱਤਰ (ਰਾਜਨੀਤਕ)

## Outline Map of India (Political)

